# ਦਫਤਰ ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ

(ਫੁਟਕਲ ਸ਼ਾਖਾ-1)

ਹੁਕਮ ਅਧੀਨ ਧਾਰਾ 163 ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023

ਜਿਵੇਂ ਕਿ ਬਸੰਤ ਪੰਚਮੀ ਤਿਉਹਾਰ ਦੇ ਸਬੰਧ ਵਿੱਚ ਜ਼ਿਲ੍ਹਾ ਬਠਿੰਡਾ ਦੇ ਲੋਕਾਂ ਵੱਲੋਂ ਕਾਫੀ ਮਾਤਰਾ ਵਿੱਚ ਪਤੰਗ ਆਦਿ ਚੜ੍ਹਾਏ ਜਾਂਦੇ ਹਨ ਅਤੇ ਇਹਨਾ ਪਤੰਗਾ ਨੂੰ ਉਡਾਉਣ ਲਈ ਚਾਈਨਾ ਡੋਰ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਕਿ ਪੰਛੀਆਂ ਅਤੇ ਮਨੁੱਖਾਂ ਲਈ ਬਹੁਤ ਘਾਤਕ ਹੈ। ਇਸ ਨਾਲ ਪੰਛੀਆਂ ਅਤੇ ਮਨੁੱਖਾਂ ਦੀ ਜਾਨ ਵੀ ਜਾ ਸਕਦੀ ਹੈ। ਇਸ ਨਾਇਲੋਨ, ਪਲਾਸਟਿਕ ਜਾਂ ਸਿੰਥੇਟਿਕ ਮਟੀਰੀਅਲ ਤੋਂ ਬਣੇ ਪਤੰਗ ਉਡਾਉਣ ਵਾਲੇ ਧਾਗੇ (ਚਾਇਨਾ ਡੋਰ) ਨੂੰ ਬਣਾਉਣ, ਵੇਚਣ, ਸਟੋਰ ਕਰਨ, ਖਰੀਦਣ, ਸਪਲਾਈ ਕਰਨ, ਆਯਾਤ ਕਰਨ ਅਤੇ ਵਰਤੋਂ ਕਰਨ ਤੇ ਪੂਰਨ ਪਾਬੰਦੀ ਲਗਾਉਣਾ ਅਤਿ ਜਰੂਰੀ ਹੈ।

ਇਸ ਲਈ ਮੈਂ ਸ਼ੌਕਤ ਅਹਿਮਦ ਪਰੇ, ਆਈ.ਏ.ਐੱਸ, ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰ ਦੀ ਵਰਤੋਂ ਕਰਦਾ ਹੋਇਆ, ਜ਼ਿਲ੍ਹਾ ਬਠਿੰਡਾ ਦੀ ਹਦੂਦ ਅੰਦਰ ਨਾਇਲੋਨ, ਪਲਾਸਟਿਕ ਜਾਂ ਸਿੰਥੇਟਿਕ ਮਟੀਰੀਅਲ ਤੋਂ ਬਣੇ ਪਤੰਗ ਉਡਾਉਣ ਵਾਲੇ ਧਾਗੇ (ਚਾਇਨਾ ਡੋਰ) ਨੂੰ ਬਣਾਉਣ, ਵੇਚਣ, ਸਟੋਰ ਕਰਨ, ਖਰੀਦਣ, ਸਪਲਾਈ ਕਰਨ, ਆਯਾਤ ਕਰਨ ਅਤੇ ਵਰਤੋਂ ਕਰਨ ਤੇ ਪਾਬੰਦੀ ਲਗਾਉਣ ਦਾ ਹੁਕਮ ਪਾਸ ਕਰਦਾ ਹਾਂ।

ਮੌਜੂਦਾ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇੱਕ ਤਰਫ਼ਾ ਪਾਸ ਕਰਕੇ ਹਰ ਆਮ ਅਤੇ ਖਾਸ ਦੇ ਨਾਮ ਜਾਰੀ ਕੀਤਾ ਜਾਂਦਾ ਹੈ।

ਇਹ ਹੁਕਮ ਅੱਜ ਮਿਤੀ 13/01/2025 ਤੋਂ ਮਿਤੀ 12/03/2025 ਤੱਕ ਲਾਗੂ ਰਹੇਗਾ।

ਇਸ ਹੁਕਮ ਨੂੰ ਸੀਨੀਅਰ ਕਪਤਾਨ ਪੁਲਿਸ, ਬਠਿੰਡਾ ਵੱਲੋਂ ਲਾਗੂ ਕਰਵਾਇਆ ਜਾਵੇਗਾ ਅਤੇ ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਠਿੰਡਾ ਵੱਲੋਂ ਮੀਡੀਆ ਅਤੇ ਅਖਬਾਰਾਂ ਰਾਹੀਂ ਪ੍ਰਚਾਰ ਕਰਕੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਵੇਗਾ। ਇਸ ਹੁਕਮ ਦੀਆਂ ਕਾਪੀਆਂ ਦਫਤਰ ਜ਼ਿਲ੍ਹਾ ਮੈਜਿਸਟਰੇਟ, ਜ਼ਿਲ੍ਹੇ ਦੇ ਉਪ ਮੰਡਲ ਮੈਜਿਸਟਰੇਟਸ, ਤਹਿਸੀਲਦਾਰਾਂ, ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ, ਮਾਰਕਿਟ ਕਮੇਟੀਆਂ, ਪੁਲਿਸ ਸਟੇਸ਼ਨਾਂ ਅਤੇ ਨਗਰ ਪਾਲਕਾਵਾਂ ਦੇ ਨੋਟਿਸ ਬੋਰਡਾਂ ਅਤੇ ਜ਼ਿਲ੍ਹਾ ਸਿੱਖਿਆ ਅਫਸਰਾਂ (ਐਲੀਮੈਂਟਰੀ)/ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਨੂੰ ਭੇਜੀਆਂ ਜਾਣ ਤਾਂ ਜੋ ਜ਼ਿਲ੍ਹਾ ਬਠਿੰਡਾ ਦੀਆਂ ਉੱਘੀਆਂ ਥਾਵਾਂ ਤੇ ਆਮ ਪਬਲਿਕ ਜਾਣੂ ਹੋ ਸਕੇ।

ਇਹ ਹੁਕਮ ਅੱਜ ਮਿਤੀ 13/01/2025 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਹੇਠ ਜਾਰੀ ਹੋਇਆ ਹੈ।

ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ

(ਸ਼ੌਕਤ ਅਹਿਮਦ ਪਰੇ, ਆਈ.ਏ.ਐੱਸ)
ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ

ਪਿੱਠ ਅੰਕਣ ਨੰ. 1859-588 /ਫਸ/ਫਕ ਮਿਤੀ 13/01/2025

ਉਪਰੋਕਤ ਦਾ ਉਤਾਰਾ:-

1. ਮੁੱਖ ਸਕੱਤਰ ਪੰਜਾਬ ਸਰਕਾਰ, ਚੰਡੀਗੜ੍ਹ
2. ਪ੍ਰਿੰਸੀਪਲ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਪੰਜਾਬ, ਚੰਡੀਗੜ੍ਹ
3. ਡੀ.ਆਈ.ਜੀ (ਸੀ.ਆਈ.ਡੀ),ਪੰਜਾਬ, ਚੰਡੀਗੜ੍ਹ/ ਡੀ.ਆਈ.ਜੀ., ਪੁਲਿਸ ਰੇਂਜ, ਫਰੀਦਕੋਟ, ਬਠਿੰਡਾ।
4. ਕਮਿਸ਼ਨਰ ਫਰੀਦਕੋਟ ਮੰਡਲ, ਫਰੀਦਕੋਟ
5. ਜ਼ਿਲ੍ਹਾ ਤੇ ਸੈਸ਼ਨ ਜੱਜ ਬਠਿੰਡਾ
6. ਜ਼ਿਲ੍ਹਾ ਮੈਜਿਸਟਰੇਟ, ਫਰੀਦਕੋਟ/ ਫਿਰੋਜਪੁਰ / ਜਲੰਧਰ/ ਅੰਮ੍ਰਿਤਸਰ/ ਬਰਨਾਲਾ/ ਕਪੂਰਥਲਾ/ ਹੁਸ਼ਿਆਰਪੁਰ/ ਪਟਿਆਲਾ/ ਮਾਨਸਾ/ ਸ੍ਰੀ ਮੁਕਤਸਰ ਸਾਹਿਬ / ਰੂਪਨਗਰ/ ਨਵਾਂਸ਼ਹਿਰ/ ਫਤਿਹਗੜ੍ਹ ਸਾਹਿਬ/ ਤਰਨਤਾਰਨ/ ਲੁਧਿਆਣਾ/ ਮੋਗਾ/ ਪਠਾਨਕੋਟ/ ਫਾਜਿਲਕਾ/ ਮਲੇਰਕੋਟਲਾ ਸੰਗਰੂਰ/ ਗੁਰਦਾਸਪੁਰ/ ਮੁਹਾਲੀ।
7. ਸੀਨੀਅਰ ਕਪਤਾਨ ਪੁਲਿਸ, ਬਠਿੰਡਾ
8. ਕਮਿਸ਼ਨਰ, ਨਗਰ ਨਿਗਮ, ਬਠਿੰਡਾ/ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ),ਬਠਿੰਡਾ/ਵਧੀਕ ਡਿਪਟੀ ਕਮਿਸ਼ਨਰ (ਜ) ਬਠਿੰਡਾ/ ਵਧੀਕ ਡਿਪਟੀ ਕਮਿਸ਼ਨਰ ( ਪੇਂਡੂ ਵਿਕਾਸ ), ਬਠਿੰਡਾ/ ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ/ ਸਹਾਇਕ ਕਮਿਸ਼ਨਰ (ਜ), ਬਠਿੰਡਾ।ਸਹਾਇਕ ਕਮਿਸ਼ਨਰ (ਸ਼ਿਕਾਇਤਾਂ), ਬਠਿੰਡਾ। ਵਧੀਕ ਮੁੱਖ ਪ੍ਰਸ਼ਾਸਕ( ਪੁੱਡਾ), ਬਠਿੰਡਾ/ਮੁੱਖ ਪ੍ਰਸ਼ਾਸਕ ਬਠਿੰਡਾ ਵਿਕਾਸ ਅਥਾਰਟੀ, ਬਠਿੰਡਾ/
9. ਉਪ ਮੰਡਲ ਮੈਜਿਸਟਰੇਟ, ਬਠਿੰਡਾ/ ਰਾਮਪੁਰਾਫੂਲ/ ਤਲਵੰਡੀ ਸਾਬੋ/ਮੌੜ
10. ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਬਠਿੰਡਾ/ਸਟੇਸ਼ਨ ਹੈੱਡ-ਕੁਆਟਰ,ਮਿਲਟਰੀ ਸਟੇਸ਼ਨ, ਬਠਿੰਡਾ/ਸਟੇਸ਼ਨ ਕਮਾਂਡਰ, ਏਅਰ ਫੋਰਸ ਸਟੇਸ਼ਨ, ਭਿਸੀਆਣਾ, ਜ਼ਿਲ੍ਹਾ ਬਠਿੰਡਾ
11. ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ/ਐਲੀਮੈਂਟਰੀ), ਬਠਿੰਡਾ
12. ਜ਼ਿਲ੍ਹਾ ਮਾਲ ਅਫਸਰ, ਬਠਿੰਡਾ/ ਤਹਿਸੀਲਦਾਰ, ਬਠਿੰਡਾ/ ਰਾਮਪੁਰਾ ਫੂਲ/ ਤਲਵੰਡੀਸਾਬੋ/ ਮੌੜ/ਨਾਇਬ ਤਹਿਸੀਲਦਾਰ, ਮੌੜ/ ਨਥਾਣਾ/ਸੰਗਤ/ਭਗਤਾ ਭਾਈਕਾ ਅਗਰੇਰੀਅਨ, ਬਠਿੰਡਾ/ਮਿਲਟਰੀ ਲੈਂਡ ਐਕੁਜੀਸ਼ਨ, ਬਠਿੰਡਾ/ ਜ਼ਿਲ੍ਹਾ ਮੈਨੇਜਰ ਉਦਯੋਗ ਕੇਂਦਰ ਬਠਿੰਡਾ।
13. ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਬਠਿੰਡਾ/ ਸੰਗਤ/ ਨਥਾਣਾ/ ਰਾਮਪੁਰਾ/ਫੂਲ/ ਭਗਤਾ ਭਾਈਕਾ/ਤਲਵੰਡੀ ਸਾਬੋ/ ਮੌੜ /ਗੋਨਿਆਣਾ ਮੰਡੀ
14. ਕਾਰਜ ਸਾਧਕ ਅਫਸਰ,ਨਗਰ ਕੌਂਸਲ/ ਨਗਰ ਪੰਚਾਇਤਾਂ/ ਗੋਨਿਆਣਾ/ਕੁੱਚੇਮੰਡੀ/ਸੰਗਤ / ਕੋਟਫੱਤਾ / ਮੌੜ/ਰਾਮਾਮੰਡੀ/ਰਾਮਪੁਰਾ ਫੂਲ/ ਭਾਈ ਰੂਪਾ ਤਲਵੰਡੀ ਸਾਬੋ/ ਕੋਟਸ਼ਮੀਰ/ ਲਹਿਰਾ ਮੁਹੱਬਤ/ਭਗਤਾ ਭਾਈਕਾ/ਮਹਿਰਾਜ/ਮਲੂਕਾ/ਕੋਠਾਗੁਰੂਕਾ/ਨਥਾਣਾ।
15. ਸਕੱਤਰ ਮਾਰਕਿਟ ਕਮੇਟੀ, ਬਠਿੰਡਾ, ਗੋਨਿਆਣਾ /ਕੁੱਚੇ /ਰਾਮਾਂ /ਮੌੜ /ਸੰਗਤ /ਤਲਵੰਡੀ ਸਾਬੋ ਰਾਮਪੁਰਾ ਫੂਲ ਭਗਤਾਭਾਈਕਾ।
16. ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਠਿੰਡਾ ਪਾਸ ਉਕਤ ਅਨੁਸਾਰ ਕਾਰਵਾਈ ਕਰਕੇ ਰਿਪੋਰਟ ਭੇਜਣ ਹਿੱਤ ਭੇਜਿਆ ਜਾਂਦਾ ਹੈ।
17. District Informatics Officer ,NIC ,ਬਠਿੰਡਾ ਪਾਸ ਹੁਕਮ ਦੀ ਕਾਪੀ ਜ਼ਿਲ੍ਹੇ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ ਭੇਜਿਆ ਜਾਂਦਾ ਹੈ।
18. ਪੀ.ਏ.ਟੂ ਡੀ.ਸੀ./ਪੀ.ਏ. ਟੂ ਏ.ਡੀ.ਸੀ. ,ਬਠਿੰਡਾ

ਪਾਸ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਮੈਜਿਸਟਰੇਟ,
ਬਠਿੰਡਾ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ) ਪਟਿਆਲਾ

ਪੱਤਰ ਅੰਕਣ: ਸੀ-1/1 ( )2025/1273 ਮਿਤੀ: 14/01/25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ, ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

14/1/25

ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ)
ਪਟਿਆਲਾ।